# ਪੰਜਾਬੀ ਸਾਹਿਤ ਅਕਾਡਮੀ

ਪੰਜਾਬੀ ਭਵਨ, ਭਾਰਤ ਨਗਰ ਚੌਕ, ਲੁਧਿਆਣਾ

# PANJABI SAHITYA AKADEMI

Panjabi Bhawan, Bharat Nagar Chowk, Ludhiana-141001 (Panjab) INDIA

ਡਾ. ਅਨੂਪ ਸਿੰਘ
ਜਨਰਲ ਸਕੱਤਰ

Panjabi Bhawan : 0161-2400905
Website : psaldh.com
Email : panjabibhawanludhiana@gmail.com


ਪ.ਸ.ਅ./ 1864 /ਮਿਤੀ 17 ਦਸੰਬਰ 2015

**ਵਿਸ਼ਾ : ਆਪ ਜੀ ਦੇ ਪੱਤਰ ਮਿਤੀ 05.12.2015 ਦੇ ਸਬੰਧੀ।**

ਸਤਿਕਾਰਯੋਗ ਔਲਖ ਜੀ,

ਆਪ ਜੀ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਹਿਸਾਬ ਕਿਤਾਬ ਨੂੰ ਜਨਤਕ ਕਰਨ ਸਬੰਧੀ ਇੱਕ ਪੱਤਰ 05 ਦਸੰਬਰ 2015 ਨੂੰ ਮਿਲਿਆ। ਆਪ ਜੀ ਦੇ ਪੱਤਰ ਅਨੁਸਾਰ ਨਿਮਨ ਲਿਖਤ ਜਾਣਕਾਰੀ ਆਪ ਜੀ ਨੂੰ ਭੇਜੀ ਜਾ ਰਹੀ ਹੈ।

ਆਪ ਜੀ ਦੀ ਜਾਣਕਾਰੀ ਹਿਤ ਦਸਿਆ ਜਾਂਦਾ ਹੈ ਕਿ ਡਾ. ਗੁਲਜ਼ਾਰ ਸਿੰਘ ਪੰਧੇਰ ਬਿਨਾਂ ਕਿਸੇ ਮਿਹਨਤਾਨੇ ਦੇ ਕੰਮ ਕਰਦੇ ਸਨ। ਹੁਣ ਨਿਯੁਕਤ ਅਕਾਊਂਟੈਂਟ ਨੂੰ ਛੇ ਮਹੀਨੇ ਲਈ ਸਿਰਫ਼ 8000/-ਰੁਪਏ ਮਾਸਿਕ 'ਤੇ ਨਿਯੁਕਤ ਕੀਤਾ ਗਿਆ ਹੈ। ਇਹ ਰਾਸ਼ੀ ਕੋਈ ਬਹੁਤ ਵੱਡੀ ਨਹੀਂ ਹੈ।

1. ਪਿਛਲੇ ਤਿੰਨ ਸਾਲ ਦੀਆਂ ਬੈਲੈਂਸ ਸ਼ੀਟਾਂ ਦੀ ਇਕ-ਇਕ ਕਾਪੀ ਆਪ ਜੀ ਨੂੰ ਇਸ ਪੱਤਰ ਦੇ ਨਾਲ ਭੇਜੀ ਜਾ ਰਹੀ ਹੈ।

2. ਵਿਕਰੀ ਕੇਂਦਰ ਦੇ ਇੰਚਾਰਜ ਨੂੰ ਨਿਯਮਾਂ ਦੀ ਜਾਣਕਾਰੀ ਨਾ ਹੋਣ ਕਾਰਨ ਉਸ ਨੇ ਕੁਝ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਰੱਖ ਲਈਆਂ ਸਨ। ਇਨ੍ਹਾਂ ਦੀਆਂ ਸੂਚੀਆਂ ਪੁਸਤਕ ਵਿਕਰੀ ਕੇਂਦਰ 'ਤੇ ਮੌਜੂਦ ਹੈ। ਇਹ ਪੁਸਤਕਾਂ ਲਿਖਤੀ ਮੁੱਲ ਦੇ 40% ਦੇ ਹਿਸਾਬ ਰੱਖੀਆਂ ਗਈਆਂ ਅਤੇ 50 % 'ਤੇ ਵੇਚੀਆਂ ਜਾ ਰਹੀਆਂ ਹਨ। ਅੱਗੇ ਤੋਂ ਕਿਸੇ ਪ੍ਰਕਾਸ਼ਕ ਦੀ ਕੋਈ ਵੀ ਪੁਸਤਕ ਅਕਾਡਮੀ ਦੇ ਵਿਕਰੀ ਕੇਂਦਰ 'ਤੇ ਨਹੀਂ ਵਿਕੇਗੀ। ਇਨ੍ਹਾਂ ਵਿਚੋਂ ਲੋਕਗੀਤ ਪ੍ਰਕਾਸ਼ਨ ਤੇ ਤਰਕਭਾਰਤੀ ਪ੍ਰਕਾਸ਼ਨ ਤੋਂ ਛੁੱਟ ਕੋਈ ਸਥਾਪਤ ਪ੍ਰਕਾਸ਼ਕ ਨਹੀਂ ਹੈ। ਵੇਚੀਆਂ ਜਾ ਚੁੱਕੀਆਂ ਪੁਸਤਕਾਂ ਦਾ 10 % ਪੰਜਾਬੀ ਸਾਹਿਤ ਅਕਾਡਮੀ ਨੇ ਰੱਖ ਲਿਆ ਹੈ।

- ਐਸ. ਬਲਵੰਤ ਤੋਂ ਛੁੱਟ ਪੰਜਾਬੀ ਲੋਕ ਲਿਖਾਰੀ ਮੰਚ ਬਟਾਲਾ ਨੇ ਵਿਕਰੀ ਕੇਂਦਰ ਦੇ ਉਦਘਾਟਨ ਮੌਕੇ ਹੀ 125 ਪੁਸਤਕਾਂ ਤੋਹਫ਼ੇ ਵਜੋਂ ਦਿੱਤੀਆਂ ਸਨ ਅਤੇ ਇਨ੍ਹਾਂ ਦੀਆਂ ਸੂਚੀਆਂ ਵਿਕਰੀ ਕੇਂਦਰ ਵਿਚ ਮੌਜੂਦ ਹਨ।
- ਲੇਖਕਾਂ ਨੂੰ ਭੁਗਤਾਨ ਕੀਤਾ ਜਾ ਰਿਹਾ ਹੈ। ਕੁਝ ਲੇਖਕ ਬਣਦੀ ਰਾਸ਼ੀ ਲੈ ਚੁੱਕੇ ਹਨ ਬਾਕੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।
- ਪੁਸਤਕ ਵਿਕਰੀ ਕੇਂਦਰ ਪੁਸਤਕ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਸ਼ੁਰੂ ਕੀਤਾ ਗਿਆ ਸੀ। ਇਸ ਲਈ ਲਾਭ ਹਾਨੀ ਦਾ ਕੋਈ ਮਸਲਾ ਨਹੀਂ ਹੈ। ਪੁਸਤਕ ਵਿਕਰੀ ਕੇਂਦਰ ਵਿਚ ਹੁਣ ਤੱਕ 204 ਲੇਖਕਾਂ ਦੀਆਂ ਪੁਸਤਕਾਂ ਦਰਜ ਕੀਤੀਆਂ ਗਈਆਂ ਹਨ।

3. ਪੰਜਾਬੀ ਭਵਨ ਦੇ ਸੈਮੀਨਾਰ ਹਾਲ ਨੂੰ ਸਮਾਗਮਾਂ ਲਈ ਪੁਰਾਣੇ ਨਿਯਮਾਂ ਅਨੁਸਾਰ ਹੀ ਦਿੱਤਾ ਜਾਂਦਾ ਹੈ ਅਤੇ ਬਣਦੀ ਸਹਾਇਤਾ ਰਾਸ਼ੀ ਵਸੂਲ ਕੀਤੀ ਜਾਂਦੀ ਹੈ।

4. ਲੋਕਗੀਤ ਪ੍ਰਕਾਸ਼ਨ 30 ਸਤੰਬਰ 2015 ਤੋਂ ਦੁਕਾਨ ਖਾਲੀ ਕਰ ਚੁੱਕੇ ਹਨ। ਉਨ੍ਹਾਂ ਵੱਲ ਬਣਦੇ ਕਿਰਾਏ ਦਾ ਚੈੱਕ ਅਕਾਡਮੀ ਕੋਲ ਪਹੁੰਚ ਗਿਆ ਹੈ।

5. ਚੇਤਨਾ ਪ੍ਰਕਾਸ਼ਨ ਵੱਲ ਕੁਝ ਬਕਾਇਆ ਵਸੂਲਣ ਯੋਗ ਸੀ ਉਨ੍ਹਾਂ ਨੇ ਕੁਝ ਕਿਰਾਇਆ ਨਕਦ ਜਮ੍ਹਾਂ ਕਰਵਾ ਦਿੱਤਾ ਹੈ ਅਤੇ ਬਾਕੀ ਚੈੱਕ ਦੇ ਦਿੱਤੇ ਹਨ। ਜੇ ਕੁਝ ਬਕਾਇਆ ਅਜੇ ਵੀ ਬਚਦਾ ਹੋਵੇਗਾ ਤਾਂ


142, ਅਰਬਨ ਐਸਟੇਟ, ਬਟਾਲਾ-143505, ਫ਼ੋਨ ਨੰ: 01871-502059, ਮੋਬਾਈਲ : 98768-01268

142, Urban Estate, Batala-143505, Ph. 01871-502059, Mb. 98768-01268

ਉਹ ਹਿਸਾਬ ਕਰਕੇ ਜਲਦੀ ਤੋਂ ਜਲਦੀ ਵਸੂਲ ਲਿਆ ਜਾਵੇਗਾ। ਉਨ੍ਹਾਂ ਨੂੰ ਕੋਈ ਨਜਾਇਜ ਕਬਜਾ ਨਹੀਂ ਕਰਵਾਇਆ ਗਿਆ।

6. ਪੰਜਾਬੀ ਸਾਹਿਤ ਅਕਾਡਮੀ ਨੂੰ ਇਸ ਸਬੰਧ ਵਿਚ ਕੁਝ ਬਿਨੈ ਪੱਤਰ ਪ੍ਰਾਪਤ ਹੋਏ ਹਨ। ਪਰ ਉਨ੍ਹਾਂ 'ਤੇ 30 ਅਗਸਤ 2015 ਦੀ ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿਚ ਵਿਚਾਰ ਨਹੀਂ ਹੋ ਸਕਿਆ। ਹੁਣ 27 ਦਸੰਬਰ 2015 ਨੂੰ ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿਚ ਇਨ੍ਹਾਂ ਸਬੰਧੀ ਯੋਗ ਫੈਸਲਾ ਲਿਆ ਜਾਵੇਗਾ। ਇਸ ਬਾਰੇ ਮੈਂ ਆਪ ਜੀ ਨੂੰ ਜ਼ੁਬਾਨੀ ਕਈ ਵਾਰ ਦੱਸ ਚੁੱਕਾ ਹਾਂ।

7. ਤਿੰਨ ਪੁਸਤਕ ਵਿਕਰੀ ਕੇਂਦਰਾਂ ਨੂੰ ਦੋ -ਦੋ ਹਜ਼ਾਰ ਰੁਪਏ ਦੀ ਸਬਸਿਡੀ ਨਿਯਮਾਂ ਅਨੁਸਾਰ ਵਾਪਸ ਕੀਤੀ ਜਾ ਚੁੱਕੀ ਹੈ।

8. ਕੰਟੀਨ ਦਾ ਕਿਰਾਏਨਾਮਾ ਰਜਿਸਟਰਡ ਨਹੀਂ ਕਰਵਾਇਆ ਗਿਆ। ਪ੍ਰਧਾਨ ਜੀ ਤੇ ਹੋਰ ਸੀਨੀਅਰ ਸਾਥੀਆਂ ਦੀ ਸਲਾਹ ਨਾਲ ਇਹ ਫੈਸਲਾ ਕੀਤਾ ਗਿਆ ਸੀ ਕਿ ਜੇਕਰ ਕੰਟੀਨ ਵਾਲੇ ਸਾਡੀਆਂ ਸ਼ਰਤਾਂ 'ਤੇ ਪੂਰਾ ਨਹੀਂ ਉਤਰਦੇ ਤਾਂ ਉਨ੍ਹਾਂ ਕੋਲੋਂ ਲੋੜ ਪੈਣ 'ਤੇ ਕੰਟੀਨ ਖਾਲੀ ਕਰਵਾਈ ਜਾ ਸਕੇ। ਇਸ ਲਈ ਉਨ੍ਹਾਂ ਦਾ ਕਿਰਾਏਨਾਮਾ ਸਿਰਫ਼ 11 ਮਹੀਨੇ ਦਾ ਹੈ ਜਦੋਂ ਕਿ ਰਜਿਸਟਰਡ ਕਰਵਾਈਆਂ ਦੁਕਾਨਾਂ ਦਾ ਕਿਰਾਏਨਾਮਾ ਤਿੰਨ ਸਾਲ ਲਈ ਹੈ। ਪੰਜਾਬੀ ਸਾਹਿਤ ਅਕਾਡਮੀ ਨੇ ਇਕਰਾਰਨਾਮਾ ਖਤਮ ਹੋਣ 'ਤੇ ਦੂਜਾ ਕਿਰਾਏਨਾਮਾ ਕਰਦੇ ਸਮੇਂ ਮਾਸਿਕ ਕਿਰਾਇਆ ਦੁੱਗਣਾ ਕਰ ਦਿੱਤਾ ਹੈ।

9. ਪ੍ਰਬੰਧਕੀ ਬੋਰਡ ਦੇ ਫ਼ੈਸਲੇ ਅਨੁਸਾਰ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਆਯੋਜਿਤ ਸਮਾਗਮਾਂ ਵਿਚ ਸਾਹਿਤਕਾਰਾਂ ਦੀ ਗਿਣਤੀ ਅਨੁਸ਼ਾਰ ਟੈਕਸੀ ਦਾ ਕਿਰਾਇਆ ਦਿੱਤਾ ਜਾਂਦਾ ਹੈ ਅਤੇ ਇਹ ਕਿਰਾਇਆ ਵੀ ਪ੍ਰਚਲਿਤ ਰੇਟਾਂ ਅਨੁਸਾਰ ਹੀ ਦਿੱਤਾ ਜਾਂਦਾ ਹੈ।

10. ਪੰਜਾਬੀ ਸਾਹਿਤ ਅਕਾਡਮੀ ਵੱਲੋਂ ਟੈਗੋਰ ਰਚਨਾਵਲੀ ਤਹਿਤ ਪ੍ਰਕਾਸ਼ਿਤ 12 ਪੁਸਤਕਾਂ ਦੀ ਗਿਣਤੀ ਵੱਖ ਵੱਖ ਹੈ ਅਤੇ ਸਾਰੀਆਂ ਬਾਰਾਂ ਪੁਸਤਕਾਂ ਦੇ ਸੈੱਟ ਤਿਆਰ ਕੀਤੇ ਗਏ। ਜਿਨ੍ਹਾਂ ਵਿਚੋਂ 125 ਸੈੱਟ ਪਿਛਲੀ ਟਰਮ ਮੌਕੇ ਡਾ. ਅਨੂਪ ਸਿੰਘ ਨੇ ਵੇਚ ਕੇ ਇੱਕ ਲੱਖ ਰੁਪਏ ਅਕਾਡਮੀ ਨੂੰ ਜਮ੍ਹਾਂ ਕਰਵਾਏ। ਪ੍ਰਧਾਨ ਜੀ ਦੇ ਹੋਰ ਸਾਥੀਆਂ ਨੇ ਵੀ ਇਸ ਤਰ੍ਹਾਂ ਕਈ ਸੈੱਟ ਵੇਚੇ ਹਨ। ਸਮੇਂ ਸਮੇਂ ਵੱਡੀਆਂ ਸ਼ਖ਼ਸੀਅਤਾਂ ਦੇ ਪੰਜਾਬੀ ਭਵਨ ਵਿਖੇ ਫੇਰਾ ਪਾਉਣ ਮੌਕੇ ਅਕਾਡਮੀ ਦੀਆਂ ਪ੍ਰਕਾਸ਼ਨਾਵਾਂ ਦੇ ਸੈੱਟ ਭੇਟਾ ਕੀਤੇ ਜਾਂਦੇ ਹਨ।

11. ਸਿੱਖਿਅਤ ਲਾਇਬ੍ਰੇਰੀਅਨ ਨੂੰ ਬਣਦੀ ਤਨਖਾਹ ਦੇਣ ਲਈ ਅਕਾਡਮੀ ਕੋਲ ਫ਼ੰਡ ਉਪਲਬਧ ਨਹੀਂ ਹਨ। ਲਾਇਬ੍ਰੇਰੀ ਦੀ ਸਾਂਭ ਸੰਭਾਲ ਪ੍ਰਿੰ. ਪ੍ਰੇਮ ਸਿੰਘ ਬਜਾਜ ਦੀ ਸਹਿਯੋਗ ਅਗਵਾਈ ਵਿਚ ਲੰਮੇ ਸਮੇਂ ਤੋਂ ਵਧੀਆਂ ਢੰਗ ਨਾਲ ਚਲ ਰਹੀ ਹੈ। ਉਹ ਸਿਰਫ਼ ਮਾਮੂਲੀ ਮਾਣ-ਭੱਤਾ ਹੀ ਪ੍ਰਾਪਤ ਕਰ ਰਹੇ ਹਨ।

12. ਪੰਜਾਬੀ ਸਾਹਿਤ ਅਕਾਡਮੀ ਨੂੰ ਪ੍ਰਾਪਤ ਹੋਏ ਤੀਹ ਲੱਖ ਰੁਪਏ ਲੋਕ ਨਿਰਮਾਣ ਵਿਭਾਗ ਅਤੇ ਪੰਚਾਇਤੀ ਰਾਜ ਵਿਭਾਗ ਨੇ ਖਰਚ ਕਰਨੇ ਹਨ। ਜਦੋਂ ਉਹ ਖਰਚ ਸ਼ੁਰੂ ਕਰ ਦੇਣਗੇ ਤਾਂ ਅਕਾਡਮੀ ਬਕਾਇਦਗੀ ਨਾਲ ਨਿਰੀਖਣ ਤੇ ਜਾਂਚ ਪੜਤਾਲ ਕਰਦੀ ਰਹੇਗੀ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਅਕਾਡਮੀ ਦੇ ਫ਼ੰਡਾਂ ਦੀ ਦੁਰਵਰਤੋਂ ਨਾ ਹੋਵੇ।

ਜੇਕਰ ਤੁਸੀਂ ਉਕਤ ਤੋਂ ਛੁੱਟ ਕੋਈ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਦਫ਼ਤਰ ਆ ਕੇ ਅਜਿਹੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਹਾਰਦਿਕ ਸ਼ੁਭ ਕਾਮਨਾਵਾਂ ਸਹਿਤ,

ਹਿਤੂ

(signature)

(ਡਾ.) ਅਨੂਪ ਸਿੰਘ

f/msword/office/letters4/psa456/s.k